# ਈਵੈਂਟ ਗੁਰੂ ਅਤੇ ਏ.ਐੱਸ.ਬੀ. ਕਮਿਊਨੀਕੇਸ਼ਨਸ ਆਯੋਜਿਤ ਕਰਨਗੇ 'ਦੀਵਾਲੀ ਐਟ ਟਾਈਮਸ ਸਕੁਏਅਰ 2014'


ਖੱਬਿਓਂ ਸੱਜੇ—ਡਾ. ਜਗਦੀਸ਼ ਪਾਇਲ (ਮਹਾਰਾਸ਼ਟਰ ਟੂਰਿਜ਼ਮ ਦੇ ਮੈਨੇਜਿੰਗ ਡਾਇਰੈਕਟਰ), ਸ੍ਰੀ ਗਿਆਨੇਸ਼ਵਰ ਐੱਮ. ਮੂਲੇ (ਨਿਊਯਾਰਕ ਵਿਖੇ ਭਾਰਤੀ ਕੌਂਸਲ ਜਨਰਲ) ਅਤੇ ਸ੍ਰੀਮਤੀ ਨੀਤਾ ਭਸੀਨ (ਈਵੈਂਟ ਗੁਰੂ ਅਤੇ ਏ.ਐੱਸ.ਬੀ. ਕਮਿਊਨੀਕੇਸ਼ਨਸ ਦੇ ਪ੍ਰੈਜ਼ੀਡੈਂਟ ਅਤੇ ਸੀ.ਈ.ਓ.)।

ਨਿਊ ਯਾਰਕ- ਏਸ਼ੀਆਈ ਭਾਰਤੀਆਂ ਲਈ ਰੌਸ਼ਨੀਆਂ ਦਾ ਤਿਉਹਾਰ ਦੀਵਾਲੀ ਬਹੁਤ ਮਹੱਤਵਪੂਰਨ ਹੈ। ਬੀਤੇ ਵਰ੍ਹੇ ਦੂਰੋਂ-ਦੂਰੋਂ ਲੋਕ ਟਾਈਮਸ ਸਕੁਏਅਰ ਵਿਖੇ ਦੀਵਾਲੀ ਮਨਾਉਣ ਲਈ ਇਕੱਠੇ ਹੋਏ ਸਨ। ਇਸ ਮੌਕੇ ਟਾਈਮਸ ਸਕੁਏਅਰ ਵਿਖੇ ਰਿਵਾਇਤੀ ਪੋਸ਼ਾਕਾਂ 'ਚ ਸਜੇ ਲੋਕਾਂ ਨੇ ਵੱਖ-ਵੱਖ ਸੈਲੇਬ੍ਰਿਟੀਜ਼ ਨਾਲ ਭਾਰਤੀ ਵਿਅੰਜਨਾਂ, ਫੈਸ਼ਨ ਅਤੇ ਲਾਈਵ ਪਰਫਾਰਮੈਂਸੇਜ਼ ਨਾਲ ਰੰਗ ਬੰਨ੍ਹਿਆ ਸੀ। ਬੀਤੇ ਵਰ੍ਹੇ ਸਤੰਬਰ ਵਿੱਚ ਇਸ ਸਮਾਰੋਹ ਦੀ ਸਫਲਤਾ ਤੋਂ ਬਾਅਦ ਇਸ ਸਾਲ ਇਕ ਵਾਰੀ ਫਿਰ ਈਵੈਂਟ ਗੁਰੂ 20 ਸਤੰਬਰ 2014 ਨੂੰ ਟਾਈਮਸ ਸਕੁਏਅਰ ਵਿਖੇ ਦੀਵਾਲੀ ਦਾ ਸਮਾਰੋਹ ਆਯੋਜਿਤ ਕਰੇਗਾ। ਇਸ ਸਮਾਰੋਹ ਦਾ ਐਲਾਨ ਕਰਨ ਲਈ ਨਿਊਯਾਰਕ ਦੇ ਭਾਰਤੀ ਕਾਂਸੁਲੇਟ ਵਿਖੇ ਇਕ ਸ਼ਾਨਦਾਰ ਪ੍ਰੈੱਸ ਕਾਨਫਰੰਸ ਕਰਵਾਈ ਗਈ ਜਿਸਦੀ ਮੇਜ਼ਬਾਨੀ ਨਿਊਯਾਰਕ ਵਿਖੇ ਭਾਰਤ ਦੇ ਕੌਂਸਲ ਜਨਰਲ ਸ੍ਰੀ ਗਿਆਨੇਸ਼ਵਰ ਐੱਮ. ਮੂਲੇ ਨੇ ਕੀਤੀ। ਉਨ੍ਹਾਂ ਕਿਹਾ, "ਇਸ ਸਾਲ ਫਿਰ ਟਾਈਮਸ ਸਕੁਏਅਰ ਵਿਖੇ ਇਸ ਸਮਾਰੋਹ ਦੀ ਵਾਪਸੀ ਦੇਖਣਾ ਸ਼ਾਨਦਾਰ ਹੈ। ਇਹ ਭਾਰਤ ਦੇ ਸਭ ਤੋਂ ਵੱਡੇ ਤਿਉਹਾਰ ਦੀ ਇਕ ਝਲਕੀ ਹੈ ਅਤੇ ਅਸੀਂ ਇਸ ਨੂੰ ਸੰਸਾਰ ਦੇ ਲੋਕਾਂ ਨਾਲ ਮਿਲ ਕੇ ਇੱਥੇ ਨਿਊਯਾਰਕ ਵਿਖੇ ਮਨਾਉਣ ਜਾ ਰਹੇ ਹਾਂ।"

ਇਕ ਵਾਰ ਫਿਰ ਮਹਾਰਾਸ਼ਟਰ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ 'ਦੀਵਾਲੀ ਐਟ ਟਾਈਮਸ ਸਕੁਏਅਰ' ਦੇ ਟਾਈਟਲ ਸਪਾਂਸਰ ਹੋਣਗੇ। ਕਾਰਪੋਰੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਜਗਦੀਸ਼ ਪਟੇਲ ਨੇ ਕਿਹਾ, "ਇਸ ਸਮਾਰੋਹ ਦਾ ਮੁੜ ਹਿੱਸਾ ਬਣਨ 'ਤੇ ਸਾਨੂੰ ਬਹੁਤ ਖੁਸ਼ੀ ਹੈ। ਇਸ ਸਾਲ ਐੱਮ.ਟੀ.ਡੀ.ਸੀ. ਸੰਸਾਰ ਸਾਹਮਣੇ ਮਹਾਰਾਸ਼ਟਰ ਦੇ ਸੱਭਿਆਚਾਰ, ਵਿਅੰਜਨਾਂ, ਸ਼ਾਹੀ ਸਮੁੰਦਰੀ ਤਟਾਂ, ਇਤਿਹਾਸਕ ਅਤੇ ਕੁਦਰਤੀ ਵਿਰਾਸਤ ਨੂੰ ਪੇਸ਼ ਕਰੇਗਾ ਜਿਸ ਨੂੰ ਹਜ਼ਾਰਾਂ ਵਰ੍ਹਿਆਂ ਤੋਂ ਸੰਜੋ ਕੇ ਰੱਖਿਆ ਗਿਆ ਹੈ।

ਦੀਵਾਲੀ ਦਾ ਤਿਉਹਾਰ ਦੁਪਹਿਰ ਵੇਲੇ ਸ਼ੁਰੂ ਹੋਵੇਗਾ ਅਤੇ ਇਸ ਵਿੱਚ ਭਾਰਤੀ ਭੋਜਨ, ਡਾਂਸ ਕਲਾਸਾਂ, ਕਲਾ ਅਤੇ ਦਸਤਕਾਰੀਆਂ, ਫੈਸ਼ਨ ਸ਼ੋਅ, ਸਥਾਨਕ ਪਹਿਨਾਵਿਆਂ ਨਾਲ ਫੋਟੋ ਬੂਥ, ਸੈਲੀਬ੍ਰਿਟੀਜ਼ ਅਤੇ ਬਹੁਤ ਕੁਝ ਹੋਰ ਸ਼ਾਮਲ ਹੋਵੇਗਾ। ਸ਼ਾਮ ਵੇਲੇ ਈਵੈਂਟ ਗੁਰੂ 'ਲਾਈਟ ਅਪ ਟਾਈਮਸ ਸਕੁਏਅਰ' ਸੰਗੀਤ ਸਮਾਰੋਹ ਪੇਸ਼ ਕਰੇਗਾ। 'ਦੀਵਾਲੀ ਐਟ ਟਾਈਮਸ ਸਕੁਏਅਰ' ਪਿਛਲੇ ਮਾਸਟਰ ਮਾਈਂਡ ਈਵੈਂਟ ਗੁਰੂ ਅਤੇ ਏ.ਐੱਸ.ਬੀ. ਕਮਿਊਨਿਕੇਸ਼ਨਸ ਮਿਲ ਕੇ ਇਹ ਸਮਾਰੋਹ ਜਥੇਬੰਦ ਕਰ ਰਹੇ ਹਨ। ਈਵੈਂਟ ਗੁਰੂ ਅਤੇ ਏ.ਐੱਸ.ਬੀ. ਕਮਿਊਨੀਕੇਸ਼ਨਸ ਦੀ ਸੀ.ਈ.ਓ. ਅਤੇ ਪ੍ਰੈਜ਼ੀਡੈਂਟ ਨੀਤਾ ਭਸੀਨ ਨੇ ਕਿਹਾ, "ਅਸੀਂ ਸੰਸਾਰ ਨੂੰ ਦਿਖਾਉਣਾ ਚਾਹੁੰਦੇ ਹਾਂ ਕਿ ਭਾਰਤੀ ਸੱਭਿਆਚਾਰ ਅਤੇ ਵਿਰਸਾ ਕਿੰਨਾ ਅਮੀਰ ਹੈ ਅਤੇ ਭਾਰਤ ਕਿੰਨਾ ਵੱਖਰਤਾ ਭਰਪੂਰ ਹੈ। ਅਸੀਂ ਬ੍ਰਹਿਮੰਡ ਦੇ ਕੇਂਦਰ-ਟਾਈਮਸ ਸਕੁਏਅਰ ਤੋਂ ਬੇਹਤਰ ਹੋਰ ਕਿਸੇ ਥਾਂ ਬਾਰੇ ਸੋਚ ਵੀ ਨਹੀਂ ਸਕਦੇ ਸਾਂ।"

ਬੀਤੇ ਦਿਨੀਂ ਸ੍ਰੀਮਤੀ ਭਸੀਨ ਨੂੰ ਭਾਰਤੀ ਅਤੇ ਭਾਰਤੀ-ਅਮਰੀਕੀ ਸਮੂਹ ਦੇ ਉਪ-ਪ੍ਰਧਾਨ ਜੋਸੇਫ ਕ੍ਰਾਊਲੀ ਦੁਆਰਾ ਨਿਊਯਾਰਕ ਦੀ 14ਵੀਂ ਕਾਂਗਰਸਨਲ ਡਿਸਟ੍ਰਿਕਟ ਦੇ ਆਧਾਰ 'ਤੇ ਇਕ ਵਿਸ਼ੇਸ਼ ਸਨਮਾਨ ਨਾਲ ਨਵਾਜ਼ਿਆ ਗਿਆ ਸੀ। ਸ੍ਰੀਮਤੀ ਨੀਤਾ ਨੂੰ ਅਮਰੀਕਾ 'ਚ ਏਸ਼ੀਆਈ ਭਾਰਤੀ ਭਾਈਚਾਰੇ ਨੂੰ ਅੱਗੇ ਲਿਆਉਣ ਲਈ ਉਪਰਾਲਿਆਂ ਅਤੇ ਵਚਨਬੱਧਤਾ ਲਈ ਅਤੇ ਨਿਊਯਾਰਕ ਵਿੱਚ ਦੱਖਣੀ ਏਸ਼ੀਆਈ ਭਾਈਚਾਰੇ ਲਈ ਵੱਡਮੁੱਲੇ ਯੋਗਦਾਨ ਲਈ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ।

# ਆਈ.ਐੱਨ.ਓ.ਸੀ. ਮੁਖੀ ਜਾਰਜ ਅਬਰਾਹਮ ਨੇ ਕਾਂਗਰਸ ਦੀ ਮੁੜ ਉਸਾਰੀ ਦੀ ਲੋੜ ਪ੍ਰਗਟਾਈ

ਨਿਊ ਯਾਰਕ-ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੇ ਚੇਅਰਮੈਨ ਜਾਰਜ ਅਬਰਾਹਮ ਨੇ ਕਿਹਾ ਹੈ ਕਿ ਬੀਤੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਭਾਰਤੀ ਲੋਕਾਂ ਦੀਆਂ ਇੱਛਾਵਾਂ 'ਤੇ ਖਰਾ ਉਤਰਨ 'ਚ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਪਾਰਟੀ ਨੂੰ ਡੂੰਘਾਈ ਨਾਲ ਅੰਦਰ ਝਾਤ ਮਾਰਨੀ ਚਾਹੀਦੀ ਹੈ ਅਤੇ ਸੁਧਾਰਾਤਮਕ ਕਾਰਵਾਈਆਂ ਦੀ ਲੋੜ ਹੈ। ਉਨ੍ਹਾਂ ਆਪਣੇ ਇਕ ਬਿਆਨ ਵਿੱਚ ਕਿਹਾ, "ਭਾਰਤ ਅਤੇ ਸੰਸਾਰ ਭਰ ਵਿੱਚ ਪਾਰਟੀ ਦੀ ਅਗਵਾਈ ਅਤੇ ਇਸ ਦੇ ਮੁੱਖ ਕਾਰਕੁੰਨਾਂ ਜਾਂ ਹਮਦਰਦਾਂ ਵਿਚਾਲੇ ਸੰਪਰਕ ਸੂਤਰ ਟੁੱਟਿਆ ਰਿਹਾ।

ਵਿਦੇਸ਼ੀ ਕਾਂਗਰਸੀ ਜਥੇਬੰਦੀਆਂ ਦੀ ਨਿਗਰਾਨੀ ਕਰਨ ਵਾਲੀ ਏ.ਆਈ.ਸੀ.ਸੀ. ਦੇ ਵਿਦੇਸ਼ੀ ਮਾਮਲਾ ਮਹਿਕਮੇ ਵਲੋਂ ਕੀਤੀਆਂ ਗਈਆਂ ਵੱਖ-ਵੱਖ ਕਾਰਵਾਈਆਂ 'ਤੇ ਨਜ਼ਰਸਾਨੀ ਕਰਨ 'ਤੇ ਪਤਾ ਲੱਗਦਾ ਹੈ ਕਿ ਭਾਜਪਾ ਜਾਂ 'ਆਪ' ਦੇ ਮੁਕਾਬਲੇ ਪਾਰਟੀ ਚੋਣਾਂ ਦੌਰਾਨ ਪੂਰੀ ਤਰ੍ਹਾਂ ਗੈਰ-ਅਸਰਦਾਰੀ ਰਹੀ। ਇਸ ਮਹਿਕਮੇ ਨੇ ਪਾਰਟੀ ਕਾਰਕੁੰਨ ਰਿਸ਼ਤਿਆਂ ਨੂੰ ਸਹੀ ਢੰਗ ਨਾਲ ਹੈਂਡਲ ਨਹੀਂ ਕੀਤਾ।"

ਉਨ੍ਹਾਂ ਅੱਗੇ ਕਿਹਾ, "ਵੱਖ-ਵੱਖ ਮੰਤਰਾਲਿਆਂ ਵਿੱਚ ਅਹੁਦਿਆਂ 'ਤੇ ਵਿਰਾਜਮਾਨ ਪਾਰਟੀ ਆਗੂਆਂ ਨੇ ਪਾਰਟੀ ਕਾਡਰ ਨਾਲ ਆਪਣਾ ਰਾਬਤਾ ਨਾ ਸਿਰਫ ਗੁਆਇਆ ਸਗੋਂ ਉਨ੍ਹਾਂ ਆਮ ਆਦਮੀ ਤੋਂ ਖੁਦ ਨੂੰ ਕੱਟ ਹੀ ਲਿਆ। ਉਨ੍ਹਾਂ ਸਿਰਫ ਆਪਣੇ ਹਿੱਤਾਂ ਦੀ ਪੂਰਤੀ ਲਈ ਹੀ ਕੰਮ ਕੀਤਾ ਅਤੇ ਸ਼ਾਇਦ ਲੋਕਾਂ ਅਤੇ ਪਾਰਟੀ ਦੇ ਹਿੱਤਾਂ ਪ੍ਰਤੀ ਉਹ ਪੂਰੀ ਤਰ੍ਹਾਂ ਲਾਪ੍ਰਵਾਹ ਰਹੇ। ਆਈ.ਐੱਨ.ਓ.ਸੀ. ਨੇ ਬੀਤੀਆਂ ਚੋਣਾਂ 'ਚ ਇਕ ਐੱਨ.ਆਰ.ਆਈ. ਉਮੀਦਵਾਰ ਲਈ ਟਿਕਟ ਦੀ ਮੰਗ ਕੀਤੀ ਸੀ ਪਰ ਅਜਿਹਾ ਨਹੀਂ ਹੋਇਆ ਜਿਸ ਕਰਕੇ ਪਾਰਟੀ ਦੇ ਬਹੁਤ ਸਾਰੇ ਇਮਾਨਦਾਰ ਹਮਦਰਦਾਂ 'ਚ ਨਿਰਾਸ਼ਾ ਫੈਲ ਗਈ। ਅਸੀਂ ਇਸ ਮਾੜੇ ਵਰਤਾਰੇ ਲਈ ਕਿਸੇ ਇਕ ਵਿਅਕਤੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਉਂਦੇ। ਹੁਣ ਸਮਾਂ ਹੈ ਕਿ ਪਾਰਟੀ ਆਪਣੀਆਂ ਗਲਤੀਆਂ ਤੋਂ ਸਬਕ ਲਵੇ, ਜਥੇਬੰਦੀ ਦੀ ਮੁੜ ਉਸਾਰੀ ਕਰੇ, ਗਲਤ ਲੋਕਾਂ ਨੂੰ ਕਿਨਾਰੇ ਕਰੇ ਅਤੇ ਪਾਰਟੀ ਦੀਆਂ ਸ਼ਾਨਦਾਰ ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਦੀ ਤਰਜਮਾਨੀ ਪ੍ਰਤੀ ਵਚਨਬੱਧ ਲੋਕਾਂ ਨੂੰ ਮੌਕਾ ਦੇਵੇ।"

ਅਬਰਾਹਮ ਨੇ ਆਪਣੇ ਬਿਆਨ ਵਿੱਚ ਅੱਗੇ ਕਿਹਾ ਕਿ ਸੋਨੀਆ ਗਾਂਧੀ ਇਕ ਅਜਿਹੀ ਆਗੂ ਹਨ ਜਿਨ੍ਹਾਂ 'ਤੇ ਸਾਰੇ ਕਾਡਰ ਨੂੰ ਵਿਸ਼ਵਾਸ ਹੈ ਅਤੇ ਅਸੀਂ ਵੀ ਉਨ੍ਹਾਂ 'ਤੇ ਭਰੋਸਾ ਰੱਖਦੇ ਹਾਂ। ਇਕ ਦਹਾਕੇ ਪਹਿਲਾਂ ਉਨ੍ਹਾਂ ਜਿਵੇਂ ਕੀਤਾ ਸੀ ਉਵੇਂ ਹੀ ਉਹ ਮੁੜ ਪਾਰਟੀ ਵਿੱਚ ਰੂਹ ਫੂਕ ਸਕਣ ਦੇ ਸਮੱਰਥ ਹਨ। ਅਸੀਂ ਇਹ ਵੀ ਮੰਨਦੇ ਹਾਂ ਕਿ ਰਾਹੁਲ ਗਾਂਧੀ ਪਾਰਟੀ ਦੀ ਹਰ ਧਿਰ ਅਤੇ ਦੇਸ਼ ਦੇ ਹਰ ਤਬਕੇ ਨਾਲ ਸੁਖਾਵੇਂ ਰਿਸ਼ਤੇ ਬਣਾਉਣ ਵਿੱਚ ਉਨ੍ਹਾਂ ਦੀ ਸਹਾਇਤਾ ਕਰ ਸਕਦੇ ਹਨ। ਐੱਨ.ਆਰ.ਆਈ. ਪਰਿਪੇਖ ਤੋਂ ਦੇਖਿਆ ਜਾਵੇ ਤਾਂ ਆਈ.ਐੱਨ.ਓ.ਸੀ. ਇਸ ਪ੍ਰਕਿਰਿਆ 'ਚ ਆਪਣਾ ਯੋਗਦਾਨ ਦੇਣ ਵਾਸਤੇ ਤਿਆਰ ਹੈ।

## ਜਲੰਧਰ ਦੇ ਜਗਜੀਤ ਸਿੰਘ ਲੰਡਨ 'ਚ ਕੌਂਸਲਰ ਬਣੇ

ਜਲੰਧਰ-ਹਰਦੋ-ਪ੍ਰੌਹਲਾ ਦੇ ਜੰਮਪਲ ਤੇ ਮੈਰਾਥਨ ਦੌੜਾਂ ਦੇ ਗੋਲਡ ਮੈਡਲਿਸਟ ਜਗਜੀਤ ਸਿੰਘ ਬਾਠ ਜੋ ਕਿ ਪਿਛਲੇ 25 ਸਾਲ ਤੋਂ ਇੰਗਲੈਂਡ ਵਿੱਚ ਹਨ, ਬੀਤੇ ਦਿਨੀਂ ਲੰਡਨ ਦੇ ਸ਼ਹਿਰ ਹਲਿੰਗਟਨ ਦੇ ਕੌਂਸਲਰ ਚੁਣੇ ਗਏ ਹਨ। ਉਨ੍ਹਾਂ ਦੇ ਕੌਂਸਲਰ ਚੁਣੇ ਜਾਣ ਦੀ ਖਬਰ ਜਿਵੇਂ ਹੀ ਉਨ੍ਹਾਂ ਦੀ ਜਨਮ ਭੂਮੀ ਹਰਦੋ-ਪ੍ਰੌਹਲਾ ਵਿਖੇ ਪੁੱਜੀ ਤਾਂ ਪੂਰਾ ਨਗਰ ਬਾਗੋ-ਬਾਗ ਹੋ ਗਿਆ। ਇਸ ਮੌਕੇ ਸਰਪੰਚ ਹੁਸਨ ਲਾਲ ਸੁੰਮਨ ਨੇ ਸਮੁੱਚੀ ਪੰਚਾਇਤ ਤੇ ਨਗਰ ਵਲੋਂ ਜਗਜੀਤ ਸਿੰਘ ਤੇ ਉਨ੍ਹਾਂ ਦੇ ਪਿੰਡ ਵਿੱਚ ਹੀ ਰਹਿੰਦੇ ਵੱਡੇ ਭਰਾ ਕੁਲਵੰਤ ਸਿੰਘ ਬਾਠ ਨੂੰ ਵਧਾਈ ਦਿੱਤੀ।


Eastern Air Couriers

20

ਸਾਲਾਂ ਤ ਅਸੀਂ ਆਪਣੇ ਗ੍ਰਾਹਕਾਂ ਦੀ ਬੇਹਤ੍ਰੀਨ ਸੇਵਾ ਕਰਦੇ ਆ ਰਹੇ ਹਾਂ ਅਤੇ ਉਹਨਾਂ ਦੀ ਭਰਪੂਰ ਤਸੱਲੀ ਕਰਾਉਣ ਲਈ ਸਮੱਰਪਿਤ ਹਾਂ। ਅਸੀਂ ਆਪਣੇ ਹਰ ਗ੍ਰਾਹਕ ਦੀ ਲੋੜ 'ਤੇ ਪੂਰਾ ਉਤਰਨਾ ਆਪਣਾ ਪਰਮ ਧਰਮ ਸਮਝਦੇ ਹਾਂ ਤੇ ਅਸੀਂ ਦੂਜਿਆਂ ਨਾਲੋਂ ਘੱਟ ਖਰਚੇ 'ਤੇ ਅਤੇ ਸਮੇਂ ਵਿਚ ਡਲਿਵਰੀ ਕਰਦੇ ਹਾਂ।




ਆਪਣੇ ਕਿਸੇ ਦੋਸਤ ਮਿਤਰ, ਰਿਸ਼ਤੇਦਾਰ ਜਾਂ ਪਿਆਰੇ ਨੂੰ ਜਨਮ ਦਿਨ, ਵਰ੍ਹੇ ਗੰਢ ਜਾਂ ਤਿਥ ਤਿਉਹਾਰ 'ਤੇ ਕੋਈ ਤੋਹਫਾ ਭੇਜਣਾ ਚਾਹੁੰਦੇ ਹੋ ਜਾਂ ਦੁਨੀਆਂ ਵਿਚ ਕਿਧਰੇ ਵੀ ਕੋਈ ਵੀ ਵਸਤ ਭੇਜਣੀ ਹੈ, ਸਾਨੂੰ ਸਿਰਫ ਇਕ ਕਾਲ ਕਰੋ ਤੇ ਨਿਸਚਿੰਤ ਹੋ ਜਾਓ। ਸਾਡੀ ਵੈਬਸਾਈਟ ਰਾਹੀਂ ਤੁਸੀਂ ਆਪਣੇ ਪੈਕਟ ਦੀ ਟਰੈਕਿੰਗ ਵੀ ਕਰ ਸਕਦੇ ਹੋ।

ਤਸੱਲੀਬਖਸ਼ ਸੇਵਾ ਲਈ



EAC

Eastern Air Couriers

FAST-RELIABLE-EFFICIENT

144W 37ST. 4thFL, NYC, NY 10018. PHONE 212-575-8300